## ਭਗਤ ਰਵਿਦਾਸ - ਸਬਦ ੯

### ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥

### ਰਾਗੁ ਆਸਾ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੪੮੬

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥
ਹਮ ਅਉਗਨ ਤੁਮ੍ਹ ਉਪਕਾਰੀ ॥੧॥ ਰਹਾਉ ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥

ਸਾਰ: ਸਦਗੁਣ ਉਨ੍ਹਾਂ ਵਿਸ਼ੇਸ਼ਤਾਵਾਂ ਨੂੰ ਕਹਿੰਦੇ ਹਨ ਜੋ ਭਲੇ ਦੀ ਭਾਵਨਾ ਨੂੰ ਪ੍ਰੇਰਿਤ ਕਰਦੀਆਂ ਹਨ। ਇਨ੍ਹਾਂ ਦੀ ਸੰਗਤ ਸ਼ਾਂਤੀ ਅਤੇ ਅਨੰਦ ਦੀ ਭਾਵਨਾ ਪੈਦਾ ਕਰਦੀ ਹੈ। ਨੇਕ ਸੰਗਤ ਸਾਡੇ ਜੀਵਨ ਰੂਪੀ ਸਫ਼ਰ ਵਿਚ ਇਕ ਪ੍ਰਭਾਵਸ਼ਾਲੀ ਰਾਹ ਦਸੇਰੀ ਹੈ, ਜੋ ਜਾਗਰੂਕਤਾ ਲਈ ਇਕ ਪੁਲ ਦੇ ਸਮਾਨ ਹੈ। ਜਿਵੇਂ ਲੋਹਾ ਅੱਗ ਦੇ ਨੇੜੇ ਰੱਖਣ 'ਤੇ ਨਰਮ ਅਤੇ ਚਮਕਦਾਰ ਹੋ ਜਾਂਦਾ ਹੈ; ਉਸੇ ਤਰ੍ਹਾਂ, ਸਾਡਾ ਮਨ ਨੇਕ ਜਨਾਂ ਦੀ ਸੰਗਤ ਵਿਚ ਗਿਆਨ ਭਰਪੂਰ ਹੋ ਜਾਂਦਾ ਹੈ, ਜਿਸ ਨਾਲ ਸਾਡੇ ਦ੍ਰਿਸ਼ਟੀਕੋਣ ਦਾ ਪਸਾਰ ਹੁੰਦਾ ਹੈ ਅਤੇ ਸਾਡੇ ਵਿਚਾਰਾਂ ਅਤੇ ਕਰਮਾਂ ਵਿਚ ਨਿਖਾਰ ਆਉਂਦਾ ਹੈ। ਜ਼ਿੰਦਗੀ ਵਿਚ ਜੋ ਸੱਚਮੁੱਚ ਮਾਇਨੇ ਰੱਖਦਾ ਹੈ ਉਹ ਇੱਛਾਵਾਂ ਜਾਂ ਭੌਤਿਕ ਦੌਲਤ ਦੀ ਭਾਲ ਨਹੀਂ ਹੈ, ਸਗੋਂ ਅੰਤਰੀਵੀ ਸ਼ਾਂਤੀ ਅਤੇ ਪ੍ਰਮਾਣਿਕ ਸੰਬੰਧਾਂ ਦੀ ਭਰਪੂਰਤਾ ਹੈ। ਜੀਵਨ ਦੇ ਇਸ ਪਾਲਣਹਾਰ ਖੰਡ ਅੰਦਰ ਸਾਡੀਆਂ ਕਮੀਆਂ ਵਿਗਾਸ ਦੇ ਕੀਮਤੀ ਮੌਕਿਆਂ ਵਿਚ ਰੁਪਾਂਤ੍ਰਿਤ ਹੋ ਜਾਂਦੀਆਂ ਹਨ ਜੋ ਸਾਡੇ ਜੀਵਨ ਨੂੰ ਅਸਲ ਅਮੀਰਅਤ ਨਾਲ ਨਿਵਾਜ਼ਦੀਆਂ ਹਨ।

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥

ਤੂੰ ਖੁਸ਼ਬੂਦਾਰ ਚੰਦਨ ਹੈਂ, ਅਤੇ ਮੈਂ ਇਕ ਆਮ ਇਰੰਡ ਦਾ ਰੁੱਖ, ਜੋ ਤੇਰੀ ਹਜ਼ੂਰੀ ਵਿਚ ਪ੍ਰਫੁੱਲਿਤ ਹੁੰਦਾ ਹੈ। ਤੂੰ ਦਾ ਇਹ ਹਵਾਲਾ ਜਾਗਰੂਕਤਾ ਦਾ ਪ੍ਰਤੀਕ ਹੈ ਅਤੇ ਇਹ ਇਸ ਬਾਰੇ ਚਿੰਤਨ ਕਰਦਾ ਹੈ ਕਿ ਇਸਦੀ ਸੰਗਤ ਸਾਡੀ ਮਾਨਸਿਕਤਾ ਨੂੰ ਕਿਵੇਂ ਪ੍ਰਭਾਵਤ ਕਰ ਸਕਦੀ ਹੈ।

ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥

ਇਕ ਆਮ ਝਾੜੀ ਤੋਂ, ਮੈਂ ਇਕ ਸ਼ਾਨਦਾਰ ਰੁੱਖ ਬਣ ਖਿੜਿਆ ਹਾਂ; ਮੇਰੀ ਗੰਧ ਤੁਹਾਡੀ ਮਨਮੋਹਕ ਖੁਸ਼ਬੂ ਦੁਆਰਾ ਰੁਪਾਂਤ੍ਰਿਤ ਹੋ ਗਈ ਹੈ, ਹੁਣ ਇਹ ਮੇਰੇ ਅੰਦਰ ਪਸਰੀ ਹੋਈ ਹੈ। ਇਹ ਪਰਿਵਰਤਨ ਸਾਡੀਆਂ ਧਾਰਨਾਵਾਂ 'ਤੇ ਅਰਥ ਭਰਪੂਰ ਸੰਬੰਧਾਂ ਦੇ ਗੂੜ੍ਹ ਪ੍ਰਭਾਵ ਨੂੰ ਦਰਸਾਉਂਦਾ ਹੈ। (੧)

ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥

ਹੇ ਪਿਆਰੀ ਸਰਵਵਿਆਪੀ ਸਤਾ, ਮਨ ਹਕੀਕਤ ਨਾਲ ਜੁੜ ਸੁਰੱਖਿਆ ਮਹਿਸੂਸ ਕਰਦਾ ਹੈ। ਇਹ ਭਾਵ ਸਪੱਸ਼ਟ ਕਰਦਾ ਹੈ ਕਿ ਸਕਾਰਾਤਮਕ ਸੰਗਤ ਪ੍ਰਮਾਣਿਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ, ਅਤੇ ਸਾਨੂੰ ਨਕਾਰਾਤਮਕ ਵਿਚਾਰਾਂ ਤੋਂ ਬਚਾਉਂਦੀ ਹੈ।

ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥

ਮੇਰਾ ਨਿੱਜ ਕਮੀਆਂ ਨਾਲ ਭਰਪੂਰ ਹੈ, ਜਦੋਂ ਕਿ ਸਰਵ ਵਿਆਪਕ ਚੇਤਨਾ ਪਰਉਪਕਾਰੀ ਸਤਾ ਹੈ। ਇਹ ਮਾਨਤਾ ਦਰਸਾਉਂਦੀ ਹੈ ਕਿ ਸਵੈ ਮਹਾਨਤਾ ਦੀ ਭਾਵਨਾ-ਸਾਡੀ ਹਉਮੈ ਤੋਂ ਪੈਦਾ ਹੁੰਦੀ ਹੈ, ਜਦੋਂ ਕਿ ਨਿਮਰਤਾ ਉਸ ਬਿਬੇਕ ਰਾਹੀਂ ਉਪਜਦੀ ਹੈ ਜੋ ਜਾਗਰੂਕਤਾ ਨੂੰ ਪਾਲਦੀ ਹੈ। (੧)(ਠਹਿਰਾਉ)

ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥

ਤੂੰ ਸ਼ੁੱਧ ਰੇਸ਼ਮ ਦਾ ਧਾਗਾ ਹੈਂ, ਜੋ ਚਿੱਟੇ ਤੋਂ ਸੁਨਹਿਰੀ ਰੰਗ ਵਿਚ ਬਦਲ ਚੁੱਕਾ ਹੈ, ਅਤੇ ਮੈਂ ਮਹਿਮਾ ਦੀ ਭਾਲ ਵਿਚ ਭਟਕਦਾ ਇਕ ਮਾਮੂਲੀ ਕੀੜਾ ਹਾਂ। ਇਹ ਭਾਵ ਦਰਸਾਉਂਦਾ ਹੈ ਕਿ ਬਿਬੇਕਮਈ ਪ੍ਰਮਾਣਿਕਤਾ ਦਾ ਪਿੱਛਾ ਨਹੀਂ ਕਰਦੇ, ਜਦੋਂ ਕਿ ਅਗਿਆਨੀ ਇਸਨੂੰ ਲੋਚਦੇ ਹਨ।

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥

ਹੇ ਪਿਆਰੀ ਚੇਤਨਾ, ਸੱਚ ਨੂੰ ਪ੍ਰਾਪਤ ਕਰਨ ਤੋਂ ਬਾਅਦ ਉਸਦੀ ਸੰਗਤ ਵਿਚ ਇੰਝ ਰਹੋ, ਜਿਵੇਂ ਮੱਖੀ ਸ਼ਹਿਦ ਨੂੰ ਪਾਲਦੀ ਹੈ। (੨)

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥

ਮੇਰਾ ਸਮਾਜਿਕ ਵਰਗ ਨੀਵਾਂ ਮੰਨਿਆ ਜਾਂਦਾ ਹੈ, ਮੇਰੀ ਕੁਲ ਨੀਵੀਂ ਹੈ, ਅਤੇ ਮੇਰਾ ਜਨਮ ਘਟੀਆ ਸਮਝਿਆ ਜਾਂਦਾ ਹੈ। ਇਹ ਉਸ ਅਨੁਚਿਤ ਸਮਾਜਿਕ ਦਰਜਾਬੰਦੀ ਨੂੰ ਉਜਾਗਰ ਕਰਦਾ ਹੈ ਜੋ ਅੰਤਰੀਵੀ ਯੋਗਤਾ ਦੀ ਬਜਾਏ ਬਾਹਰੀ ਰੁਤਬੇ ਦੁਆਰਾ ਕਿਸੇ ਦੀ ਹੋਂਦ ਨੂੰ ਪਰਿਭਾਸ਼ਿਤ ਕਰਦੀ ਹੈ।

ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥

ਚਮੜੇ ਦੀ ਕਿਰਤ ਕਰਨ ਵਾਲੇ ਰਵਿਦਾਸ ਕਹਿੰਦੇ ਹਨ ਸ੍ਰਿਸ਼ਟੀ ਦੀ ਏਕਤਾ ਰੂਪੀ ਪ੍ਰਭੂਸੱਤਾ ਦਾ ਸਨਮਾਨ ਨਹੀਂ ਕੀਤਾ ਜਾਂਦਾ। ਇਹ ਸਮਾਜਿਕ ਬੇਇਨਸਾਫ਼ੀ ਦਾ ਖੰਡਨ ਹੈ, ਜੋ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਅਸਲ ਨੀਵਾਂਪਨ ਵਿਸ਼ਵਵਿਆਪੀ ਏਕਤਾ ਨੂੰ ਅਪਣਾਉਣ ਤੋਂ ਅਣਗੌਲਿਆ ਕਰਨ ਵਿੱਚ ਹੈ। (੩)(੩)

ਤੱਤ: ਭਗਤ ਰਵਿਦਾਸ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਦੀ ਨੀਵੀਂ ਜਾਤ, ਨਿਮਾਣੀ ਕੁਲ ਅਤੇ ਮਾਮੂਲੀ ਜਨਮ ਉਨ੍ਹਾਂ ਸਮਾਜਿਕ ਦਰਜਾਬੰਦੀਆਂ ਨੂੰ ਦਰਸਾਉਂਦਾ ਹੈ ਜੋ ਕਿਸੇ ਦੀ ਕਦਰ ਨੂੰ ਬੇਕਦਰ ਕਰ ਦਿੰਦੇ ਹਨ। ਉਹ ਸਾਨੂੰ ਹਰ ਵਿਅਕਤੀ ਵਿਚ ਹਾਜ਼ਰ ਮੂਲ ਕਦਰਾਂ-ਕੀਮਤਾਂ ਨੂੰ ਪਛਾਣਨ ਅਤੇ ਸ੍ਰਿਸ਼ਟੀ ਵਿਚਲੀ ਏਕਤਾ ਦੀ ਸੇਵਾ ਕਰਨ ਦੇ ਮਹੱਤਵ ਬਾਰੇ ਤਾਕੀਦ ਕਰਦੇ ਹਨ। ਉਹ ਇਹ ਦਲੀਲ ਦਿੰਦੇ ਹੋਏ ਸਮਾਜਿਕ ਬੇਇਨਸਾਫ਼ੀ ਨੂੰ ਰੱਦ ਕਰਦੇ ਹਨ, ਕਿ ਸੱਚਾ ਗਿਆਨ ਵਿਸ਼ਵਵਿਆਪੀ ਏਕਤਾ ਦੀ ਸੇਵਾ ਅਤੇ ਪ੍ਰਚਾਰ ਕਰਨ ਵਿਚ ਨਿਹਿਤ ਹੈ। ਉਹ ਦ੍ਰਿਸ਼ਟਾਂਤਿਕ ਤੌਰ 'ਤੇ ਬਿਬੇਕ ਰਾਹੀਂ ਪਰਿਵਰਤਨ ਨੂੰ ਇਕ ਰੇਸ਼ਮ ਦੇ ਧਾਗੇ ਵਜੋਂ ਦਰਸਾਉਂਦੇ ਹਨ ਜੋ ਚਿੱਟੇ ਰੰਗ ਤੋਂ ਚਮਕਦਾਰ ਸੋਨੇ ਵਿਚ ਵਿਕਸਤ ਹੁੰਦਾ ਹੈ। ਨਿਮਰਤਾ ਵਿਚ, ਉਹ ਆਪਣੀ ਅਗਿਆਨਤਾ ਦੀ ਤੁਲਨਾ ਇਕ ਕੀੜੇ ਨਾਲ ਕਰਦੇ ਹਨ ਅਤੇ ਏਕਤਾ ਨੂੰ ਅਪਣਾਉਣ ਲਈ ਉਸ ਤਰ੍ਹਾਂ ਸਕਾਰਾਤਮਕ ਪ੍ਰਭਾਵਾਂ ਦੀ ਇੱਛਾ ਪ੍ਰਗਟ ਕਰਦੇ ਹਨ, ਜਿਵੇਂ ਇਕ ਮਧੂ-ਮੱਖੀ ਰਸ (ਸ਼ਹਿਦ) ਵੱਲ ਖਿੱਚੀ ਜਾਂਦੀ ਹੈ। ਇਹ ਜਗਿਆਸਾ ਗੰਭੀਰ ਬਿਬੇਕ ਦੀ ਲੋੜ ਨੂੰ ਉਤਸ਼ਾਹਿਤ ਕਰਦੀ ਹੈ ਜੋ ਗੂੜ ਜਾਗਰੂਕਤਾ ਨਾਲ ਸਰਸ਼ਾਰ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**
ਈਮੇਲ: **onenessindiversityfoundation@gmail.com**